ੴ ਸਤਿਗੁਰ ਪ੍ਰਸਾਦਿ ॥

# ਸ੍ਰ. ਨਰੈਣ ਸਿੰਘ

# ਇਕ ਅਦੁਤੀ ਸਖਸ਼ੀਅਤ

# ਨੂੰ

# ਸ਼ਰਧਾਂਜਲੀ

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼—436
ਗੁਰੂ ਨਾਨਕ ਦੇਵ ਮਿਸ਼ਨ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ ।

ਕਾਪੀਆਂ : 500
ਮਾਰਚ, 1994

ਲੋਕ ਅਵਾਜ ਪ੍ਰਿੰਟਰਜ਼, ਨਜਦੀਕ ਮੋਦੀ ਕਾਲਜ ਸੁਨਾਮੀ ਗੇਟ ਪਟਿਆਲਾ ।

# ਸਰਦਾਰ ਨਰੈਣ ਸਿੰਘ-ਇਕ ਅਦੁਤੀ ਸਖਸ਼ੀਅਤ

ਸ੍ਰ. ਨਰੈਣ ਸਿੰਘ ਜੀ ਪੰਥ ਪ੍ਰਸਿਧ ਸਖਸ਼ੀਅਤਾਂ ਵਿਚੋਂ ਇਕ ਮਹਾਨ ਤੇ ਪ੍ਰਭਾਵਸ਼ਾਲੀ ਸਖਸ਼ੀਅਤ ਸਨ, ਜਿਨ੍ਹਾਂ ਨੇ ਆਪਣੇ ਯੋਗਦਾਨ ਰਾਹੀਂ, ਸਿੱਖਾਂ ਦੇ ਰਚਨਾਤਮਕ, ਧਾਰਮਿਕ ਤੇ ਵਿਦਿਅਕ ਪੱਖਾਂ ਨੂੰ ਖਾਸ ਕਰਕੇ ਪ੍ਰਭਾਵਿਤ ਕੀਤਾ। ਆਪ ਜੀ ਦੀ ਮਾਤਲੋਕ ਦੀ ਜੀਵਨ ਯਾਤਰਾ ਦਾ ਅਰੰਭ ਉਨਵੀਂ ਸਦੀ ਦੇ ਅਰੰਭ ਵਿਚ ਹੁੰਦਾ ਹੈ। ਆਪ ਜੀ ਦਾ ਜਨਮ 26 ਨਵੰਬਰ 1901 ਨੂੰ ਪਿੰਡ ਬੂਟਾ ਸਿੰਘ ਵਾਲਾ, ਤਹਿਸੀਲ ਕਬੀਰਵਾਲਾ, ਜ਼ਿਲਾ ਮੁਲਤਾਨ ਵਿੱਚ, ਸਰਦਾਰ ਬੂਟਾ ਸਿੰਘ ਜੀ ਦੇ ਘਰ ਹੋਇਆ ਸੀ। ਉਹਨਾਂ ਦੇ ਪਿਤਾ ਜੀ ਧਾਰਮਿਕ ਰੁਚੀਆਂ ਵਾਲੇ ਸਨ। ਉਹ ਆਪ ਹਿੰਦੂ ਤੇ ਸਿੱਖ ਗ੍ਰੰਥਾਂ ਦਾ ਅਧਿਐਨ ਕਰਨ ਵਾਲੇ ਸਨ। ਘਰ ਵਿੱਚ ਧਾਰਮਿਕ ਵਾਤਾਵਰਣ ਹੋਣ ਕਰਕੇ ਬਾਲ ਨਰੈਣ ਸਿੰਘ ਦਾ ਬਚਪਨ ਇਸੇ ਵਾਤਾਵਰਣ ਵਿਚ ਗੁਜ਼ਰਿਆ, ਤੇ ਇਸ ਦੇ ਨਤੀਜੇ ਵਜੋਂ ਉਹਨਾਂ ਦੀ ਸਖਸ਼ੀਅਤ ਇਕ ਧਾਰਮਿਕ ਸਖਸ਼ੀਅਤ ਹੋ ਨਿਬੜੀ।

ਆਪ ਨੇ ਮੁਢਲੀ ਸਿਖਿਆ ਪ੍ਰਾਇਮਰੀ ਸਕੂਲ ਜਵੰਦ ਸਿੰਘ ਤੋਂ ਪ੍ਰਾਪਤ ਕੀਤੀ, ਤੇ ਉਪਰੰਤ ਖਾਲਸਾ ਹਾਈ ਸਕੂਲ ਜਵੰਦ ਸਿੰਘ ਤੋਂ ਪੰਜਵੀਂ ਜਮਾਤ ਪਾਸ ਕੀਤੀ, ਗਿਆਨੀ ਆਤਮਾ ਸਿੰਘ ਜੀ ਜੋ ਕਿ ਇਸ ਸਕੂਲ ਵਿਚ ਪੰਜਾਬੀ ਤੇ ਧਾਰਮਿਕ ਅਧਿਆਪਕ ਲਗੇ ਹੋਏ ਸਨ, ਦੀ ਪ੍ਰੇਰਨਾ ਸਦਕਾ ਉਹਨਾਂ ਨੇ ਛੇਵੀਂ ਜਮਾਤ ਵਿੱਚ ਹੀ ਨਿਤਨੇਮ ਦੀਆਂ ਬਾਣੀਆਂ ਕੰਠ ਕਰ ਲਈਆਂ ਸਨ। ਗਿਆਨੀ ਆਤਮਾ ਸਿੰਘ ਜੀ ਨੇ ਹੀ ਉਹਨਾਂ ਦੇ ਭਵਿਖ ਵਿਚਲੇ ਸਿੱਖ ਇਤਿਹਾਸ ਤੇ ਗੁਰਬਾਣੀ ਦੇ ਗਿਆਨ ਪ੍ਰਾਪਤੀ ਦੀ ਨੀਂਹ ਰਖੀ ਸੀ। ਸ੍ਰ: ਨਰੈਣ ਸਿੰਘ ਜੀ ਆਪ ਲਿਖਦੇ ਹਨ, ਕਿ "ਮੈਂ ਇਹ ਸਮਝਦਾ ਹਾਂ ਕਿ ਸਿੱਖ ਧਰਮ ਤਥਾ ਸਿੱਖ ਇਤਿਹਾਸ ਦਾ ਜਿਤਨਾ ਗਿਆਨ ਮੈਨੂੰ ਹੈ, ਇਸ ਦੀ ਬੁਨਿਆਦ ਗਿਆਨੀ ਆਤਮਾ ਸਿੰਘ ਦੀ ਦਿਤੀ ਸਿੱਖਿਆ ਨੇ ਬੰਨ੍ਹ ਦਿਤੀ ਹੋਈ ਸੀ, ਜਿਸ ਉਪਰ ਮੇਰੇ ਗਿਆਨ ਦੀ ਉਸਾਰੀ ਹੋਈ।"

ਪਿਤਾ ਜੀ ਨੇ ਆਪ ਨੂੰ ਹਿੰਦੂ ਧਰਮ ਗ੍ਰੰਥਾਂ, ਰਮਾਇਣ, ਹਨੂਮਾਨ ਨਾਟਕ, ਪ੍ਰਬੋਧ ਚੰਦਰ ਆਦਿ ਵੀ ਪੜ੍ਹਾਏ।

ਉਸ ਸਮੇਂ ਬਾਲ ਵਿਆਹ ਦੀ ਰਸਮ ਹੋਣ ਕਰਕੇ ਆਪ ਜੀ ਦੀ ਸ਼ਾਦੀ ਸ੍ਰ. ਵਰਿਆਮ ਸਿੰਘ ਦੀ ਲੜਕੀ ਨਾਲ, ਬੜੇ ਸਾਦੇ ਢੰਗ ਨਾਲ 26 ਜਊਣ 1914 ਨੂੰ ਹੋ ਗਈ ਸੀ। ਖਾਲਸਾ ਸਕੂਲ ਜਵੰਦ ਸਿੰਘ ਵਾਲਾ ਤੋਂ ਅਠਵੀਂ ਜਮਾਤ ਪਾਸ ਕਰਕੇ

ਆਪ ਨੂੰ ਖਾਲਸਾ ਕਾਲਜੀਏਟ ਸਕੂਲ, ਅੰਮ੍ਰਿਤਸਰ ਦੀ ਨੌਵੀਂ ਜਮਾਤ ਵਿਚ 1916 ਈ. ਵਿਚ ਦਾਖਲ ਕਰਵਾਇਆ ਗਿਆ। ਖਾਲਸਾ ਕਾਲਜ ਤੋਂ ਹੀ 1922 ਈ. ਨੂੰ ਬੀ. ਏ. ਪਾਸ ਕੀਤੀ।

ਪਹਿਲੀ ਗੁਰਦੁਆਰਾ ਪ੍ਰਬੰਧਕ ਕਮੇਟੀ (19੍0) ਦੇ ਵੀ ਆਪ ਮੈਂਬਰ ਸਨ। ਨਨਕਾਣਾ ਸਾਹਿਬ ਦੇ ਸਾਕੇ ਤੋਂ ਬਾਦ ਜੋ ਵਿਅਕਤੀ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਏ ਅਤੇ ਜਿਨ੍ਹਾਂ ਨੇ ਸਾਰਾ ਦਿਰਿਸ਼ ਦੇਖਿਆ ਉਹਨਾਂ ਵਿਚ ਆਪ ਸ਼ਾਮਲ ਸਨ। ਇਹ ਦਰਿਸ਼ ਉਹਨਾਂ ਨੇ ਆਪਣੀ ਜਿਵਨੀ ਅੰਦਰ ਬੜੇ ਹੀ ਚੰਗੇ ਸ਼ਬਦਾਂ ਵਿਚ ਲਿਖਿਆ ਹੈ।

ਆਪ ਦੇ ਮਿਤਰ ਸ੍. ਈਸ਼ਰ ਸਿੰਘ ਜੀ, ਜੋ ਖਾਲਸਾ ਹਾਈ ਸਕੂਲ ਗੁਜਰਖਾਨ ਵਿੱਚ ਸੈਕੰਡ ਮਾਸਟਰ ਲਗੇ ਹੋਏ ਸਨ, ਵਲੋਂ ਧਾਰਮਿਕ ਅਧਿਆਪਕ ਲਗਣ ਦਾ ਪੱਤਰ ਪ੍ਰਾਪਤ ਹੋਣ ਤੇ ਆਪ ਸਤੰਬਰ, 1922 ਈ. ਵਿਚ ਖਾਲਸਾ ਸਕੂਲ ਗੁਜਰਖਾਨ ਵਿਚ ਧਾਰਮਿਕ ਅਧਿਆਪਕ ਲਗ ਗਏ ਤੇ ਜੁਲਾਈ 1923, ਤਕ ਇਹ ਸੇਵਾ ਤਨਦੇਹੀ ਨਾਲ ਕਰਦੇ ਰਹੇ। ਅਗਸਤ, 1923 ਵਿਚ ਆਪ ਕੋਇਟੇ ਦੇ ਖਾਲਸਾ ਸਕੂਲ ਦੇ ਮੁੱਖ ਅਧਿਆਪਕ ਬਣੇ ਤੇ 6 ਜੂਨ, 1926 ਤਕ ਇਸ ਸੇਵਾ ਨੂੰ ਨਿਭਾਉਂਦੇ ਰਹੇ। ਇਸ ਸਕੂਲ ਵਿੱਚ ਆਪ ਨੇ 1924 ਈ. ਵਿੱਚ ਬਚਿਆਂ ਦੀ ਇਕ ਕਲਗੀਧਰ ਸੇਵਕ ਜਥਾ ਸੰਸਾਇਟੀ ਬਣਾਈ ਜਿਸ ਦੇ ਸਾਰੇ ਬੱਚੇ ਨੀਲੀ ਦਸਤਾਰ ਸਜਾਉਂਦੇ ਤੇ ਗਾਤਰੇ ਵਿਚ ਕਿਰਪਾਨ ਧਾਰਨ ਕਰਦੇ ਸਨ। ਇਹ ਜੱਥਾ ਸਕਾਉਟਿੰਗ ਦੀ ਤਰ੍ਹਾਂ ਪਰੇਡ ਵੀ ਕਰਦਾ ਸੀ। ਇਸ ਤੋਂ ਬਾਅਦ ਆਪ ਨੂੰ ਖਾਲਸਾ ਹਾਈ ਸਕੂਲ ਖਾਨੇਵਾਲ ਵਿਚ ਬਤੌਰ ਹੈਡ ਮਾਸਟਰ ਦੇ ਕੰਮ ਕਰਨ ਦਾ ਅਵਸਰ ਮਿਲਿਆ।

ਆਪ ਜੀ ਨੇ ਸਾਲ 1930 ਐਫ.ਸੀ. ਕਾਲਜ, ਲਹੌਰ ਤੋਂ ਐਮ.ਏ. (ਅੰਗਰੇਜ਼ੀ) ਦੀ ਪ੍ਰੀਖਿਆ ਪਾਸ ਕੀਤੀ ਤੇ ਪੰਜਾਬ ਯੂਨੀਵਰਸਿਟੀ ਵਿਚੋਂ ਦੂਜੇ ਸਥਾਨ ਤੇ ਆਏ। ਇਸ ਤੋਂ ਉਪਰੰਤ 1932 ਵਿੱਚ ਆਪ ਜੀ ਨੂੰ ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਅੰਗਰੇਜ਼ੀ ਦਾ ਲੈਕਚਰਾਰ ਨਿਯੁਕਤ ਕੀਤਾ ਗਿਆ। ਪਰ ਹਾਲਤ ਸੁਖਾਵੇਂ ਨਾ ਹੋਣ ਕਰਕੇ ਆਪ ਨੇ ਇਹ ਨੌਕਰੀ ਕੁਝ ਦਿਨਾਂ ਵਿਚ ਹੀ ਛਡ ਦਿਤੀ।

ਆਪ ਜੀ ਦੀ ਪ੍ਰਬੰਧਕੀ ਸੂਝ ਸਦਕਾ ਆਪ ਨੂੰ 13ਅਕਤੂਬਰ, 1932 ਨੂੰ ਨਨਕਾਣੇ ਸਾਹਿਬ ਵਿਚਲੇ ਗੁਰਦੁਆਰਿਆਂ ਤੇ ਇਹਨਾਂ ਨਾਲ ਸਬੰਧਿਤ 15 ਹਜ਼ਾਰ ਏਕੜ ਜ਼ਮੀਨ ਦਾ ਪ੍ਰਬੰਧ ਕਰਨ ਲਈ ਮੈਨੇਜਰ ਨਿਯੁਕਤ ਕੀਤਾ ਗਿਆ। ਗੁਰਦੁਆਰਿਆਂ ਦੀ ਸੇਵਾ ਸੰਭਾਲ ਕਰਦਿਆਂ ਤੇ ਗੁਰੂ ਘਰ ਦੀ ਜ਼ਮੀਨ ਦੀ ਪ੍ਰਾਪਤੀ ਲਈ ਆਪ ਨੂੰ ਜਥੇਦਾਰ ਕਰਤਾਰ ਸਿੰਘ ਝਬਰ ਨਾਲ ਜੇਲ੍ਹ ਵੀ ਜਾਣਾ ਪਿਆ। ਪਰ ਮਹਾਰਾਜਾ ਭੁਪਿੰਦਰ ਸਿੰਘ ਦੀ ਸਹਾਇਤਾ ਨਾਲ ਆਪ ਨੂੰ 19 ਜੂਨ, 1933 ਨੂੰ ਸ਼ੈਸ਼ਨ ਅਦਾਲਤ ਦੁਆਰਾ ਬਰੀ ਕਰ ਦਿੱਤਾ ਗਿਆ। ਆਪ

ਜੀ ਮੈਨੇਜਰ ਦੀ ਸੇਵਾ 1947 ਤਕ ਬੜੀ ਇਮਾਨਦਾਰੀ ਤੇ ਤਨਦੇਹੀ ਨਾਲ ਕਰਦੇ ਰਹੇ। ਜਿਸ ਦੇ ਫਲਸਰੂਪ ਨਨਕਾਣਾ ਸਾਹਿਬ ਦੇ ਸਾਰੇ ਗੁਰਦੁਆਰਿਆਂ ਦੀ ਜ਼ਮੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਿਕ ਕਮੇਟੀ ਦੇ ਅਧੀਨ ਆ ਗਈ ਤੇ ਇਸ ਦੀ ਸਾਲਾਨਾ ਆਮਦਨ ਇਕ ਲੱਖ ਤੋਂ ਵਧ ਕੇ ਬਾਰਾਂ ਲੱਖ ਹੋ ਗਈ।

ਡਾਕਟਰ ਅੰਬੇਦਕਰ ਦੀ ਮੰਗ ਤੇ ਬੰਬਈ ਦੀ ਮਾਟੂੰਗਾ ਕਲੋਨੀ ਵਿੱਚ ਡਿਗਰੀ ਕਾਲਜ ਖੋਲਣ ਲਈ 17642 ਮੁਰਬਾ ਗਜ਼ ਜ਼ਮੀਨ ਦਾ ਪਲਾਟ 179673 ਰੁਪਏ ਵਿੱਚ ਖਰੀਦਿਆ ਗਿਆ। ਕਾਲਜ ਦੀ ਤਿੰਨ ਮੰਜ਼ਲੀ ਇਮਾਰਤ ਦੀ ਉਸਾਰੀ ਦਾ ਕਾਰਜ ਮੁੱਖ ਰੂਪ ਵਿੱਚ ਆਪ ਨੂੰ ਸੌਂਪਿਆ। ਦਿਨ ਰਾਤ ਦੀ ਅਨਥਕ ਮਿਹਨਤ ਸਦਕਾ ਕਾਲਜ ਦੀ ਇਮਾਰਤ ਸਮੇਤ ਇਕ ਵਿਸ਼ਾਲ ਗੁਰਦੁਆਰਾ ਸਾਹਿਬ ਦੇ ਸਥਾਨ,ਜੂਨ, 1937 ਨੂੰ ਸੰਪੂਰਨ ਹੋਈ ਤੇ ਇਸੇ ਸਾਲ ਕਾਲਜ ਦਾ ਪਹਿਲਾ ਅਕਾਦਮਿਕ ਸੈਸ਼ਨ ਅਰੰਭ ਹੋਇਆ। ਆਪ ਨੂੰ ਕਾਲਜ ਦਾ ਪਹਿਲਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ। ਇਸ ਤੋਂ ਇਲਾਵਾ ਇਸ ਕਾਲਜ ਦੀ ਪ੍ਰਬੰਧਕ ਕਮੇਟੀ ਦੇ ਸਕੱਤਰ ਦੇ ਤੌਰ ਤੇ ਵੀ ਆਪ ਜੀ ਨੇ ਪੂਰੇ ਛੇ ਸਾਲ ਕੰਮ ਕੀਤਾ ਤੇ ਇਸਦੇ ਨਾਲ ਨਾਲ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੇ ਮੈਨੇਜਰ ਦੀ ਸੇਵਾ ਵੀ ਸਫਲਤਾ ਪੂਰਵਕ ਨਿਭਾਈ।

ਭਾਰਤ ਦੀ ਵੰਡ ਉਪਰੰਤ ਆਪ ਪਰਵਾਰ ਸਮੇਤ ਪਟਿਆਲੇ ਆ ਵਸੇ, ਪਟਿਆਲੇ ਤੋਂ ਦੇਵੀਗੜ੍ਹ ਨੂੰ ਜਾਂਦੀ ਸੜਕ ਤੇ 5 ਕਿਲੋ ਮੀਟਰ ਦੇ ਫਾਸਲੇ ਤੇ ਪੈਪਸੂ ਸਰਕਾਰ ਦੁਆਰਾ ਆਪ ਨੂੰ ਜ਼ਮੀਨ ਦੀ ਅਲਾਟਮੈਂਟ ਕੀਤੀ ਗਈ, ਜਿਸ ਵਿੱਚ ਆਪ ਜੀ ਨੇ ਆਪਣਾ ਨਿਵਾਸ ਸਥਾਨ ਉਸਾਰਿਆ ਤੇ ਖੇਤੀ ਬਾੜੀ ਦਾ ਕੰਮ ਅਰੰਭਿਆ। ਇਸ ਸਥਾਨ ਦਾ ਨਾਂ ਅਜ ਉਹਨਾਂ ਦੇ ਪਿਤਾ ਜੀ ਸ੍ਰ: ਬੂਟਾ ਸਿੰਘ ਦੇ ਨਾਂ ਤੇ ਪ੍ਰਸਿੱਧ ਹੈ। ਨਨਕਾਣਾ ਸਾਹਿਬ ਤੋਂ ਪੰਜਾਬ ਆਉਣ ਵੇਲੇ ਆਪ ਨੇ ਨਨਕਾਣਾ ਸਾਹਿਬ ਦੇ ਫੰਡਜ਼ ਵਿਚੋਂ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਹਿਤ, ਸ਼੍ਰੋਮਣੀ ਕਮੇਟੀ ਨੂੰ 12 ਲੱਖ ਰੁਪਏ ਦਿਵਾਏ।

ਦੇਸ਼ ਦੀ ਵੰਡ ਪਿਛੋਂ ਆਪ ਨੂੰ ਪੈਪਸੂ ਸਰਕਾਰ ਨੇ ਪਛੜੀਆਂ ਸ਼੍ਰੇਣੀਆਂ ਦੇ ਵਿਭਾਗ ਦੇ ਡਾਇਰੈਕਟਰ ਦੀ ਸੇਵਾ ਸੌਂਪੀ। ਇਸ ਅਹੁਦੇ ਤੇ ਰਹਿੰਦਿਆਂ ਪਛੜੀਆਂ ਸ਼੍ਰੇਣੀਆਂ ਦੇ ਲੋਕਾਂ ਦੀ ਵਿਦਿਅਕ, ਸਮਾਜਿਕ ਤੇ ਆਰਥਿਕ ਦਸ਼ਾ ਸੁਧਾਰਨ ਦਾ ਪੂਰਾ ਯਤਨ ਕੀਤਾ ਤੇ ਇਹਨਾਂ ਦੇ ਵਿਰੁੱਧ ਛੂਤ ਛਾਤ ਨੂੰ ਦੂਰ ਕਰਨ ਦਾ ਵਿਸ਼ੇਸ਼ ਯਤਨ ਕੀਤਾ।

## ਸਾਹਿਤਕ ਜੀਵਨ ਦਾ ਅਰੰਭ

ਆਪ ਜੀ ਨੇ ਕੋਇਟਾ ਖਾਲਸਾ ਸਕੂਲ ਦੇ ਮੁੱਖ ਅਧਿਆਪਕ ਦੇ ਤੌਰ ਤੇ ਕੰਮ ਕਰਦੇ ਸਮੇਂ ਹੀ ਆਪਣੇ ਜੀਵਨ ਦੀ ਸਾਹਿਤਕ ਯਾਤਰਾ ਅਰੰਭ ਕੀਤੀ, ਸਿੱਖ ਯੰਗ ਮੈਨਜ਼

ਐਸੋਸੀਏਸ਼ਨ ਵਲੋਂ ਉਨ੍ਹਾਂ ਦਾ ਪਹਿਲਾ ਲੇਖ 'ਚਾਲੀ ਮੁਕਤਿਆਂ ਦੀ ਸ਼ਹੀਦੀ' ਛਾਪਿਆ ਗਿਆ। ਇਹ ਉਹਨਾਂ ਦੀ ਪਹਿਲੀ ਰਚਨਾ ਸੀ। ਇਸ ਤੋਂ ਉਪਰੰਤ ਉਹਨਾਂ ਨੇ ਮੋਹਨ ਸਿੰਘ ਮਾਹਿਰ ਦੀ ਪ੍ਰੇਰਨਾ ਸਦਕਾ ਇਕ ਲੰਬੇਰੀ ਕਵਿਤਾ ਦੀ ਰਚਨਾ ਕੀਤੀ ਜਿਸ ਦਾ ਨਮੂਨਾ ਇਸ ਤਰ੍ਹਾਂ ਹੈ :

ਧੀਉੜੀ ਇਕ ਅਮੀਰ ਦੀ ਨਾਲ ਲਾਡਾਂ ਪਾਲੀ
ਇਕ ਅਕੱਲੀ ਬੇਟੜੀ ਜਿਉਂ ਇਕ ਫੁਲ ਡਾਲੀ,
ਸੁੰਦਰ ਵਾਂਗੂ ਸੋਹਣੀ ਜਾਂ ਹੀਰ ਸਲੇਟੀ
ਯੂਸਫ ਦੂਜਾ ਜਨਮਿਆ ਹੋ ਸਾਹਿਬੇ ਬੇਟੀ।

ਉਹਨਾਂ ਨੇ ਸੈਕਸ਼ਪੀਅਰ ਦੇ ਡਰਾਮਾ (King Lear)ਦਾ ਪੰਜਾਬੀ ਅਨੁਵਾਦ ਵੀ ਕੀਤਾ। ਅਸਲ ਵਿਚ ਉਹਨਾਂ ਦਾ ਸਰਗਰਮ ਸਾਹਿਤਕ ਜੀਵਨ ਪਟਿਆਲਾ ਵਿਚ ਗੁਰੂ ਨਾਨਕ ਮਿਸ਼ਨ ਦੀ ਸਥਾਪਨਾ ਨਾਲ ਹੁੰਦਾ ਹੈ। ਇਹ ਮਿਸ਼ਨ 5 ਜੁਲਾਈ, 1963 ਨੂੰ ਸਥਾਪਤ ਹੋਇਆ, ਜਿਸ ਰਾਹੀਂ ਉਹਨਾਂ ਨੇ ਆਪਣੇ ਸਾਹਿਤਕ ਪ੍ਰਤਿਭਾ ਦਾ ਪੂਰਾ ਪ੍ਰਗਟਾਵਾ ਕੀਤਾ।

## ਗੁਰੂ ਨਾਨਕ ਮਿਸ਼ਨ ਦੀ ਸਥਾਪਨਾ

5 ਜੁਲਾਈ, 1963 ਨੂੰ ਪਟਿਆਲਾ ਦੇ ਸੂਝਵਾਨ ਸਿੱਖਾਂ ਦੀ ਇਕ ਮੀਟਿੰਗ ਹੋਈ, ਜਿਸ ਵਿੱਚ ਗੁਰੂ ਨਾਨਕ ਦੇਵ ਮਿਸ਼ਨ ਦੀ ਸਥਾਪਨਾ ਦਾ ਫੈਸਲਾ ਲਿਆ ਗਿਆ। ਇਸ ਦਾ ਮੁੱਖ ਉਦੇਸ਼ ਸਿੱਖ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਆਮ ਲੋਕਾਂ ਤਕ ਲਿਖਤ ਦੁਆਰਾ ਪਹੁੰਚਾਉਣਾ ਮਿੱਥਿਆ ਗਿਆ। ਇਸ ਮੰਤਵ ਦੀ ਪੂਰਤੀ ਲਈ ਛੋਟੇ ੨ ਟਰੈਕਟ ਲਿਖਣ ਤੇ ਪ੍ਰਕਾਸ਼ਤ ਕਰਨ ਦਾ ਕੰਮ ਆਪ ਜੀ ਨੂੰ ਸੌਂਪਿਆ ਗਿਆ। ਆਪ ਨੇ ਪਹਿਲਾ ਟ੍ਰੈਕਟ ('ਮੈਂ ਸਿੱਖ ਕਿਉਂ ਹਾਂ') ਲਿਖਿਆ ਤੇ ਛਪਵਾਇਆ। ਇਸ ਮਿਸ਼ਨ ਦੇ ਸਕੱਤਰ ਦੀ ਸੇਵਾ ਆਪ ਨੇ ਇਕ ਲੰਬੇ ਅਰਸੇ ਲਈ ਸਫਲਤਾ ਪੂਰਵਕ ਨਿਭਾਈ ਤੇ ਆਪਣੇ ਆਖਰੀ ਸਵਾਸਾਂ ਤਕ ਟ੍ਰੈਕਟ ਲਿਖਣ ਦਾ ਕੰਮ ਕਰਦੇ ਰਹੇ। ਮਿਸ਼ਨ ਦੇ ਪ੍ਰਧਾਨ ਡਾ. ਗੰਡਾ ਸਿੰਘ ਰਹੇ ਅਤੇ ਉਹਨਾਂ ਉਪਰੰਤ ਸ. ਰਾਜਦੇਵ ਸਿੰਘ ਐਡਵੋਕੇਟ ਨੂੰ ਇਹ ਸੇਵਾ ਦਿੱਤੀ ਗਈ। ਆਪ ਦੀ ਸੁਚਜੀ ਅਗਵਾਈ ਵਿਚ ਗੁਰੂ ਨਾਨਕ ਮਿਸ਼ਨ ਵਲੋਂ 435 ਟ੍ਰੈਕਟ ਛਪੇ ਜਾ ਚੁਕੇ ਹਨ। ਇਹਨਾਂ ਵਿਚੋਂ ਵਧੇਰੇ ਟ੍ਰੈਕਟ ਆਪ ਜੀ ਦੇ ਹੀ ਲਿਖੇ ਹੋਏ ਹਨ। ਸਿੱਖ ਧਰਮ ਦੇ ਵੱਖ ਵੱਖ ਪੱਖਾਂ ਤੇ ਆਪ ਨੇ ਟ੍ਰੈਕਟ ਲਿਖੇ ਤੇ ਛਾਪੇ। ਇਸ ਤੋਂ ਇਲਾਵਾ ਗੰਡਾ ਸਿੰਘ, ਅਰਦਮਨ ਸਿੰਘ ਬਾਗੜੀਆਂ, ਗਿਆਨੀ ਲਾਲ ਸਿੰਘ ਆਦਿ ਹੋਰ ਅਨੇਕਾਂ ਪੰਥ ਪ੍ਰਸਿਧ ਵਿਦਵਾਨਾਂ ਦੇ ਲੇਖ ਵੀ ਟ੍ਰੈਕਟ ਦੇ ਰੂਪ ਵਿਚ ਛਾਪੇ। ਆਪ ਜੀ ਨੇ ਅਨੇਕਾ ਟ੍ਰੈਕਟਾਂ ਤੋਂ ਇਲਾਵਾ ਨਾਨਕ ਨਿਰਮਲ ਪੰਥ ਚਲਾਇਆ, ਮਰਦ ਅਗੰਮੜਾਂ ਤੇ ਕਿਉਂ ਕੀਤੋਂ ਵਿਸਾਹ ਆਦਿ 12 ਪੁਸਤਕਾਂ ਵੀ ਰਚੀਆਂ।

ਇਸ ਮਿਸ਼ਨ ਦੇ ਲਾਈਫ਼ ਮੈਂਬਰ ਬਾਹਰ ਦੇ ਮੁਲਕਾਂ ਵਿਚ ਵੀ ਹਨ। ਪੰਜਾਬ ਤੇ

ਪੰਜਾਬ ਤੋਂ ਬਾਹਰ ਅਨੇਕਾਂ ਹੀ ਧਾਰਮਿਕ ਸੰਸਥਾਵਾਂ ਹਨ, ਜਿਹੜੀਆਂ ਇਸ ਮਿਸ਼ਨ ਦੁਆਰਾ ਪ੍ਰਕਾਸ਼ਿਤ ਹੋਏ ਟ੍ਰੈਕਟਾਂ ਨੂੰ ਹਰ ਮਹੀਨੇ ਪ੍ਰਚਾਰ ਹਿਤ ਵੰਡਦੀਆਂ ਹਨ। ਗੁਰੂ ਨਾਨਕ ਮਿਸ਼ਨ ਇਕ ਮਹਾਨ ਸੰਸਥਾ ਹੈ, ਜਿਸ ਦਾ ਮੁੱਖ ਕੰਮ ਆਪ ਜੀ ਇਕਲੇ ਹੀ ਕਰਦੇ ਰਹੇ। ਇਥੋਂ ਤਕ ਕਿ ਟ੍ਰੈਕਟ ਤੇ ਪੈਕਟਾਂ ਨੂੰ ਵੀ ਆਪ ਹੀ ਪੈਕ ਕਰਦੇ। ਇਸ ਮਿਸ਼ਨ ਦੀ ਸਰਪ੍ਰਸਤੀ ਹੇਠਾਂ ਹੀ ਸਾਲ 1982 ਵਿਚ ਸਾਰੇ ਹਿੰਦੁਸਤਾਨ ਦੇ ਕਾਲਜਾਂ ਦੇ ਵਿਦਿਆਰਥੀਆਂ ਦੀ ਸਾਲਾਨਾ ਧਾਰਮਿਕ ਪ੍ਰੀਖਿਆ ਲੈ ਕੇ, ਉਨ੍ਹਾਂ ਨੂੰ ਇਨਾਮ ਦੇਣ ਦੀ ਸਕੀਮ ਅਰੰਭ ਕੀਤੀ ਗਈ। ਇਸ ਸਬੰਧੀ ਮਿਸ਼ਨ ਵਲੋਂ 'ਦੀ ਮਦਰ ਆਫ ਖਾਲਸਾ ਮੈਮੋਰੀਅਲ ਟ੍ਰਸਟ' ਨਾਮ ਦੀ ਵਖਰੀ ਟਰਸਟ ਅਰੰਭ ਕੀਤੀ ਗਈ। ਅਜ ਹਜ਼ਾਰਾਂ ਹੀ ਵਿਦਿਆਰਥੀ ਇਸ ਇਨਾਮੀ ਪ੍ਰੀਖਿਆ ਵਿਚ ਹਿੱਸਾ ਲੈਂਦੇ ਹਨ।

ਸਾਲ 1987-88 ਵਿੱਚ ਗੁਰੂ ਨਾਨਕ ਦੇਵ ਮਿਸ਼ਨ ਵਲੋਂ ਦੋ ਟ੍ਰਸਟ, ਭਗਤ ਲਛਮਨ ਸਿੰਘ ਅਤੇ ਡਾਕਟਰ ਗੰਡਾ ਸਿੰਘ ਦੀ ਯਾਦ ਵਿਚ ਸਥਾਪਤ ਕੀਤੇ ਗਏ। ਸਾਲ 1987 ਵਿਚ ਦੋ ਹੋਰ ਟ੍ਰਸਟ ਗਿਆਨੀ ਦਿਤ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਦੀ ਯਾਦ ਵਿਚ ਸਥਾਪਤ ਹੋਏ। ਅਕਾਲੀ ਫੂਲਾ ਸਿੰਘ ਮੈਮੋਰੀਅਲ ਟਰਸਟ ਦੀ ਸਥਾਪਨਾ 1992 ਨੂੰ ਹੋਈ। ਗੁਰੂ ਨਾਨਕ ਮਿਸ਼ਨ ਦੇ ਇਹਨਾਂ ਟ੍ਰਸਟਾਂ ਦੀ ਕਾਰਗੁਜ਼ਾਰੀ ਦੀ ਪ੍ਰਸੰਸਾ ਦੇਸ਼ ਤੇ ਪ੍ਰਦੇਸ਼ਾਂ ਦੋਹਾਂ ਵਿਚ ਇਤਨੀ ਹੋਈ ਕਿ ਸਿੰਘਾਪੁਰ ਤੋਂ ਸ੍ਰ: ਮਿਹਰਵਾਨ ਸਿੰਘ, 'ਸਿਖਸ ਸਰਵਿੰਗ ਅਮਰੀਕਾ' ਨਾਮ ਦੀ ਸੋਸਾਇਟੀ, ਸ੍ਰ. ਮਹਿਤਾਬ ਸਿੰਘ ਦਿਲੀ ਅਤੇ ਕਈ ਸਜਨਾਂ ਤੋਂ ਸਹਾਇਤਾ ਪ੍ਰਾਪਤ ਹੋਈ।

## ਗੁਰਮਤਿ ਕਾਲਜ ਦੀ ਸਥਾਪਨਾ

ਸੰਤ ਗੁਰਮੁਖ ਸਿੰਘ ਜੀ ਨੇ 1965 ਵਿਚ ਡੇਰਾ ਬਾਬਾ ਜੱਸਾ ਸਿੰਘ ਦੀ 23 ਏਕੜ ਜ਼ਮੀਨ ਦੇ ਪ੍ਰਬੰਧ ਲਈ ਇਕ ਕਮੇਟੀ ਬਣਾਈ, ਜਿਸ ਦਾ ਸਕੱਤਰ ਆਪ ਜੀ ਨੂੰ ਬਣਾਇਆ ਗਿਆ। ਇਸ ਕਮੇਟੀ ਦੇ ਮੈਂਬਰਾਂ, ਗਿਆਨੀ ਲਾਲ ਸਿੰਘ ਸ੍ਰ. ਰਾਜਦੇਵ ਸਿੰਘ ਐਡਵੋਕੇਟ, ਭਾਈ ਅਰਦਮਨ ਸਿੰਘ ਬਾਗੜੀਆਂ ਤੇ ਡਾਕਟਰ ਗੰਡਾ ਸਿੰਘ, ਆਦਿ ਮਹਾਨ ਗੁਰਸਿਖਾਂ ਨੇ ਗੁਰਮਤਿ ਦੇ ਤੁਲਨਾਤਮਿਕ ਅਧਿਐਨ ਲਈ ਇਕ ਕਾਲਜ ਸਥਾਪਤ ਕਰਨ ਦਾ ਫੈਸਲਾ ਕੀਤਾ। ਜਿਸ ਦੇ ਫਲਸਰੂਪ ਸਾਲ 1967 ਨੂੰ ਗੁਰਮਤਿ ਕਾਲਜ ਦੀ ਇਮਾਰਤ ਦਾ ਨੀਂਹ ਪਥਰ ਪੰਜਾਂ ਪਿਆਰਿਆਂ ਨੇ ਰਖਿਆ ਤੇ ਇਸ ਕਾਲਜ ਲਈ ਡੇਰਾ ਬਾਬਾ ਜਸਾ ਸਿੰਘ ਪ੍ਰਬੰਧਕ ਕਮੇਟੀ ਨੇ 10 ਏਕੜ ਜ਼ਮੀਨ ਦਿਤੀ। ਅਜ ਇਹ ਕਾਲਜ ਸੰਸਾਰ ਭਰ ਵਿਚ ਪੋਸਟ-ਗ੍ਰੈਜੂਏਟ ਸਹਿ-ਵਿਦਿਆ ਵਾਲਾ ਧਰਮ ਦੇ ਤੁਲਨਾਤਮਿਕ ਅਧਿਐਨ ਲਈ ਇਕ ਵਿਲਖਣ ਕਾਲਜ ਹੈ। ਇਹ ਕਾਲਜ ਪੰਜਾਬੀ ਯੂਨੀਵਰਸਿਟੀ ਨਾਲ ਸਬੰਧਿਤ ਹੈ, ਤੇ ਸਾਲ 1969 ਤੋਂ ਗੁਰੂ ਨਾਨਕ ਫਾਊਂਡੇਸ਼ਨ, ਨਵੀਂ ਦਿਲੀ ਦੀ ਦੇਖ ਰੇਖ ਵਿਚ ਚਲ ਰਿਹਾ ਹੈ। ਇਸ ਕਾਲਜ ਦੀ ਸਥਾਪਨਾ ਸਮੇਂ ਸ੍ਰ. ਨਰੈਣ ਸਿੰਘ ਅਰੰਭਕ ਮੈਂਬਰਾਂ

ਵਿਚੋਂ ਇਕ ਸਨ, ਜਿਨ੍ਹਾਂ ਨੇ ਵਿਸ਼ੇਸ਼ ਕਰਕੇ ਇਸ ਕਾਲਜ ਨੂੰ ਪਕੇ ਪੈਰਾਂ ਤੇ ਕਰਨ ਲਈ ਇਕ ਲੱਖ ਰੁਪਏ ਇਕੱਠੇ ਕਰਕੇ ਪੰਜਾਬੀ ਯੂਨੀਵਰਸਿਟੀ ਵਿਚ ਐਨਡੋਮੈਂਟ ਫੰਡ ਵਜੋਂ ਜਮ੍ਹਾਂ ਕਰਵਾ ਦਿੱਤੇ ਅਤੇ ਇਸ ਨੂੰ ਯੂਨੀਵਰਸਿਟੀ ਵਲੋਂ ਮਾਨਤਾ ਦਿਵਾਈ। ਇਸ ਕਾਲਜ ਦੇ ਪਹਿਲੇ ਪ੍ਰਿੰਸੀਪਲ ਡਾ. ਗੰਡਾ ਸਿੰਘ ਸਨ। ਇਸ ਕਾਲਜ ਨੂੰ ਦੂਜੇ ਧਰਮਾਂ ਦੁਆਰਾ ਚਲਾਈਆਂ ਜਾ ਰਹੀਆਂ ਧਾਰਮਿਕ ਸੰਸਥਾਵਾਂ ਦੇ ਪੈਟਰਨ ਤੇ ਚਲਾਉਣ ਲਈ ਪੰਜ ਸਾਲਾ ਕੋਰਸ ਕਰਨ ਲਈ ਨਰੈਣ ਸਿੰਘ ਨੇ ਪੂਰਾ ਯਤਨ ਕੀਤਾ ਤੇ ਗੁਰੂ ਨਾਨਕ ਫਾਉਂਡੇਸ਼ਨ ਨੂੰ ਇਕ ਲਿਖਤੀ ਯੋਜਨਾ ਪੇਸ਼ ਕੀਤੀ, ਪਰ ਫੰਡਜ਼ ਦੀ ਕਮੀ ਹੋਣ ਕਾਰਨ ਉਹਨਾਂ ਦੀ ਇਹ ਦਿਲੀ ਇੱਛਾ ਉਸ ਸਮੇਂ ਪੂਰੀ ਨਾ ਹੋ ਸਕੀ। ਕਈ ਸਾਲ ਲਗਾਤਾਰ ਆਪ ਕਾਲਜ ਦੇ ਰੁਪਏ ਪੈਸੇ ਦੇ ਕਾਰਜ ਨੂੰ ਕਰਦੇ ਰਹੇ। ਹੁਣ ਇਹ ਯੋਜਨਾ ਵੀ 1993 ਨੂੰ ਗੁਰੂ ਨਾਨਕ ਫਾਉਂਡੇਸ਼ਨ ਨੇ ਚਾਲੂ ਕਰ ਦਿੱਤੀ ਹੈ।

ਵਿਦਿਆ ਦੇ ਪ੍ਰੇਮ ਨੇ ਉਹਨਾਂ ਨੂੰ ਸਾਲ 1984 ਵਿਚ ਗੁਰੂ ਨਾਨਕ ਦੇਵ ਮਾਡਰਨ ਸਕੂਲ (ਬੂਟਾ ਸਿੰਘ ਵਾਲਾ) ਕਾਇਮ ਕਰਨ ਲਈ ਪ੍ਰੇਰਿਤ ਕੀਤਾ। ਇਸ ਦੇ ਪ੍ਰਬੰਧ ਲਈ ਗੁਰੂ ਨਾਨਕ ਦੇਵ ਵਿਦਿਅਕ ਟ੍ਰਸਟ ਸਥਾਪਤ ਕੀਤਾ ਗਿਆ। ਇਸ ਸਕੂਲ ਦੀ ਇਮਾਰਤ ਲਈ ਉਹਨਾਂ ਨੇ 26 ਕਨਾਲ ਜ਼ਮੀਨ ਵੀ ਦਿੱਤੀ। ਤਕਰੀਬਨ 2 ਲੱਖ ਰੁਪਏ ਦੀ ਰਕਮ ਖਰਚ ਕਰਕੇ ਸਕੂਲ ਦੀ ਸ਼ਾਨਦਾਰ ਇਮਾਰਤ ਦੀ ਉਸਾਰੀ ਕਰਵਾਈ ਗਈ। ਸਾਲ 1989 ਵਿਚ ਇਹ ਸਕੂਲ ਹਾਈ ਸਕੂਲ ਬਣ ਗਿਆ ਸੀ, ਤੇ ਇਸ ਨੂੰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਵਲੋਂ ਮਾਨਤਾ ਵੀ ਪ੍ਰਾਪਤ ਹੋ ਚੁਕੀ ਹੈ। ਇਹ ਸਕੂਲ ਸੰਸਾਰਕ ਵਿਦਿਆ ਤੇ ਧਾਰਮਿਕ ਵਿਦਿਆ ਦਾ ਇਕ ਸੁਚਜਾ ਸੁਮੇਲ ਹੈ। ਇਸ ਤੋਂ ਇਲਾਵਾ ਪ੍ਰਬੰਧਕ ਕਈ ਸਨਅਤੀ ਕੋਰਸ ਚਾਲੂ ਕਰਨ ਲਈ ਯਤਨਸ਼ੀਲ ਹਨ।

ਸ੍ਰ. ਨਰੈਣ ਸਿੰਘ ਜੀ ਦੇ ਸਿੱਖੀ ਦੇ ਪਰਚਾਰ ਲਈ ਕੀਤੇ ਯਤਨ ਬਹੁਤ ਸ਼ਲਾਘਾਯੋਗ ਹਨ। ਉਹਨਾਂ ਨੇ ਜਿਥੇ ਲਿਖਤੀ ਤੌਰ ਤੇ ਸਿੱਖ ਧਾਰਮਿਕ ਇਤਿਹਾਸ ਤੇ ਰਾਜਸੀ ਪੱਖਾਂ ਤੇ ਟਰੈਕਟ ਲਿਖ ਕੇ ਤੇ ਛਪਵਾ ਕੇ ਲੋਕਾਂ ਵਿਚ ਸਰਬਪੱਖੀ ਚੇਤਨਾ ਪੈਦਾ ਕੀਤੀ ਉਥੇ ਨਾਗਪੁਰ ਦੀ ਇਕ ਸੋਸਾਇਟੀ ਨੂੰ ਗੁਰੂ ਨਾਨਕ ਨਾਮ ਲੇਵਾ ਵਣਜਾਰੇ ਤੇ ਸਿਕਲੀਗਰ ਜਾਤੀ ਦੇ ਲੋਕਾਂ ਵਿਚ ਵੰਡਣ ਲਈ ਹਿੰਦੀ ਭਾਸ਼ਾ ਵਿਚ ਛਪਿਆ ਗੁਰਮਤਿ ਸਾਹਿਤ ਭੇਜਿਆ ਜਾਂਦਾ ਰਿਹਾ ਹੈ। ਨਨਕਾਣਾ ਸਾਹਿਬ ਮਿਸ਼ਨ ਵਲੋਂ ਜਿਸਦੇ ਆਪ ਮੁੱਖੀ ਸਨ, ਨੇ ਯੂ. ਪੀ. ਪ੍ਰਾਂਤ ਦੇ ਪਛਮੀ ਜ਼ਿਲਿਆਂ ਵਿਚ ਸਿੱਖੀ ਪ੍ਰਚਾਰ ਕੀਤਾ, ਜਿਸ ਦੇ ਨਤੀਜੇ ਵਜੋਂ ਦੋ ਲੱਖ ਦੇ ਕਰੀਬ ਨਵੇਂ ਸਿੰਘ ਸਜੇ, ਜਿਨ੍ਹਾਂ ਵਿੱਚ ਵਧੇਰੇ ਅਛੂਤ ਜਾਤੀਆਂ ਵਿਚੋਂ ਸਨ। ਇਹਨਾਂ ਲੋਕਾਂ ਲਈ ਕਈ ਥਾਈਂ ਪ੍ਰਾਇਮਰੀ, ਮਿਡਲ ਤੇ ਹਾਈ ਸਕੂਲ ਚਾਲੂ ਕੀਤੇ ਅਤੇ ਕਈ ਨਵੇਂ ਗੁਰਦੁਆਰੇ ਉਸਾਰੇ ਗਏ।

ਪੰਥਕ ਕਾਰਜਾਂ ਲਈ ਸਦਾ ਯਤਨਸ਼ੀਲ ਰਹਿਣਾ ਉਹਨਾਂ ਦਾ ਸੁਭਾ ਸੀ। ਪਰਉਪਕਾਰ ਤੇ ਸੇਵਾ ਕਰਨਾ ਉਹਨਾਂ ਦੇ ਜੀਵਨ ਦਾ ਮਿਸ਼ਨ ਸੀ। ਜੀਵਨ ਦੇ ਅੰਤਲੇ ਸੁਵਾਸਾਂ

ਤਕ ਉਹ ਆਪਣੇ ਜੀਵਨ ਦੇ ਮਿਸ਼ਨ ਨੂੰ ਪੂਰਾ ਕਰਨ ਵਿਚ ਲਗੇ ਰਹੇ। ਜੀਵਨ ਵਿਚ ਇਕ ਸੰਸਥਾ ਜਿਤਨਾ ਕਾਰਜ ਕਰਕੇ ਵੀ ਉਹਨਾਂ ਨੇ ਆਪਣੇ ਆਪ ਨੂੰ ਇਸ ਦਾ ਅਧਿਕਾਰੀ ਨਹੀਂ ਸਮਝਿਆ, ਸਗੋਂ ਅਕਾਲ ਪੁਰਖ ਦੀ ਬਖਸ਼ਿਸ਼ ਸਮਝ ਕੇ ਇਹ ਕਿਹਾ ਕਰਦੇ ਸਨ, ਕਿ ਅਜਿਹੇ ਕਾਰਜ ਨਿਰੰਕਾਰ ਆਪ ਵਿਚ ਹੋ ਕੇ ਕਰਦਾ ਕਰਾਉਂਦਾ ਹੈ।

ਜੈਸੀ ਕਲਮ ਵੁੜੀ ਹੈ, ਮਸਤਕਿ ਤੈਸੀ ਜੀਅੜੇ ਪਾਸਿ। ਆਪਣੇ ਜੀਵਨ ਦੀ ਸ਼ਾਮ ਤੇ ਅੰਤ ਸਮੇਂ ਆਪ ਬੜੇ ਹੀ ਜਾਗਰੂਪ ਸਨ। ਆਪ ਦੇ ਮੰਨ ਵਿਚ ਹਮੇਸ਼ਾ ਇਹ ਗੁਰਵਾਕ 'ਕਿਆ ਜਾਣਾ ਕਿਵ ਮਰਹਗੇ, ਕੈਸਾ ਮਰਣਾ ਹੋਇ' ਟਿਕਿਆ ਰਹਿੰਦਾ ਸੀ। ਉਹਨਾਂ ਨੂੰ ਕਬੀਰ 'ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ' ਦੇ ਵਿਚਾਰ ਅਤੇ ਬੀਤੇ ਜੀਵਨ ਤੇ ਪਾਈ ਝਾਤ ਇਹ ਅਰਦਾਸ ਕਰਨ ਦੀ ਪ੍ਰੇਰਨਾ ਦੇਂਦੇ ਸਨ।

ਤੁਮ ਸਮਰਥਾ ਕਾਰਨ ਕਰਨ
ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ,
ਸਰਨ ਚਰਨ ਅਤੇ ਹਮਰੋ ਸੁਹਾਉ ਸਦਾ ਸਦ ਭੂਲਣ
ਤੁਮਰੋ ਬਿਰਦ ਪਤਿਤ ਉਧਰਨ।

ਅੰਤ ਇਸ ਭਾਵ ਵਿਚ ਰਹਿੰਦੇ, ਮੇਰੇ ਸਤਿਗੁਰੂ ਪਾਤਸ਼ਾਹ! ਜੈਸੇ ਭੀ ਹਾਂ, ਆਖਰ ਤੇਰੇ ਹੀ ਹਾਂ, ਅਕਾਲ ਪੁਰਖ ਦੇ ਸਦੇ ਨੂੰ ਖੁਸ਼ੀ ਨਾਲ ਪਰਵਾਨ ਕਰਦੇ ਹੋਏ 2 ਅਪਰੈਲ, 1994 ਨੂੰ ਗੁਰਪੁਰੀ ਵਿਚ ਜਾ ਬਿਰਾਜੇ ਹਨ। ਉਹਨਾਂ ਦੇ ਜਾਣ ਤੇ ਖ਼ਾਲਸਾ ਪੰਥ ਨੂੰ ਜੋ ਘਾਟਾ ਪਿਆ ਹੈ, ਉਹ ਪੂਰਾ ਹੋਣ ਵਾਲਾ ਨਹੀਂ ਹੈ।

ਗੁਰੂ ਨਾਨਕ ਦੇਵ ਮਿਸ਼ਨ
ਪਟਿਆਲਾ

ਮੈਨੂੰ ਇਹ ਮਾਣ ਹੈ, ਕਿ ਮੈਂ ਪਿਛਲੇ 30 ਕੁ ਸਾਲ ਤੋਂ ਸਰਦਾਰ ਨਰੈਣ ਸਿੰਘ ਜੀ ਨਾਲ ਕੰਮ ਕੀਤਾ ਹੈ, ਅਤੇ ਉਹਨਾਂ ਦੀ ਮਿਹਰ ਤੇ ਬਖਸ਼ਿਸ਼ ਤੋਂ ਬਹੁਤ ਪ੍ਰਸੰਨਤਾ ਪ੍ਰਾਪਤ ਕੀਤੀ ਹੈ। ਮਿਸ਼ਨ ਵਲੋਂ ਮੈਂ ਅਤੇ ਬਾਕੀ ਦੇ ਮਿਸ਼ਨ ਦੇ ਮੈਂਬਰ ਸਰਦਾਰ ਨਰਾਇਣ ਸਿੰਘ ਜੀ ਦਾ ਅਰੰਭ ਕੀਤਾ ਹੋਇਆ ਕੰਮ ਕਰਨ ਦੀ ਪੂਰੀ ਪੂਰੀ ਕੋਸ਼ਿਸ਼ ਕਰਦੇ ਰਹਾਂਗੇ।

ਰਾਜਦੇਵ ਸਿੰਘ
ਪ੍ਰਧਾਨ
ਗੁਰੂ ਨਾਨਕ ਦੇਵ ਮਿਸ਼ਨ
ਪਟਿਆਲਾ (ਪੰਜਾਬ)

# A Sikh Patriarch Passes Away

Prof. KULRAJ SINGH

S. Narain Singh whose 93 year long life spans the most momentous phase of modern Sikh history breathed his last on 2nd April '94. There may be many more sikhs who have lived through these turbulent years. What distinguishes S. Narain Singh from them is his deep involvement in many crucial events of the era.

Born on 26th November 1901 at Buta Singh Wala of Multan district (now in Pakistan), he was a witness to the transfer of the Akal Takht Sahib to a representative sikh body on 12th October, 1920, the constitution of the first Shiromani Gurdwara Committee on 15th November, the same year, and the ghastly massacre and consigning to fire with kerosine oil of 130 devout sikhs in Gurdwara Janam Asthan Nankana Sahib on 20th February 1921.

In 1932, S. Narain Singh was appointed the manager of the Gurdwaras at Nankana Sahib and the fifteen thousand acre estate attached to these. He was implicated along with 12 other sikhs in the case of the murder on 13th January 1933 of a poojari by reason of his position among the reformist Sikhs who continued to be the object of the ire of the troditional poojaris divested of the control of the Sikh shrines. He and the other twelve accused were virtually retrieved from the gallows by Maharaja Bhupinder Singh's intervention.

S. Narain Singh continued to be the manager of the Nankana Sahib Gurdwaras and estate right till the partition of India in 1947. During the fifteen years of his stewardship of the estate its annual income increased from one lakh to over twelve lakh rupees.

During these years, too, the Nankana Sahib management committee established the Nankana Sahib Sikh Mission at Hapur in district Meerutt of U.P for the propagation of Sikhism in Western U.P., particularly among the area's backward classes. The Mission built several gurdwaras and schools in the area and initiated into sikhism over two lakh men and women. S. Narain Singh's part in the enterprise as its principal executor was obvious. So too was his role in another spectacular endeavour—the establishment of a Khalsa College and a printing press to run Dr. B. R. Ambedkar's paper, The Janata, at Bombay, both these, at Dr. Ambedkar's request. S. Narain Singh personally supervised the construction of the college building which he got completed at an actual cost of Rs. 4,17,000/- against an estimated cost of Rs. 10 lakh. He also controlled and supervised the running of the college for nearly six years before it was taken over by the Shiromani Gurdwara Prabandhak Committee.

On the partition of India, S. Narain Singh migrated to Patiala where he took command of the Patiala State and later Pepsu Governments' Schedule Castes and Backward Classes Welfare Departments. As the head of this department, he worked strenuously for the social, educational and economic uplift of the target classes and for the removal of untouchability.

In July 1963, Patiala sikh intelligentsia decided to set up an organisation, to be known as Guru Nanak Dev Mission, for the dissemination of the Sikh Gurus' message through a continuing stream of pamphlets and books or similar endeavours. S. Narain Singh was persuaded to become the new organisation's secretary, which in practice meant its sole agenda setter and executive. It is a most eloquent tribute to S. Narain Singh that the Mission has during the thirty years of its existence brought out no fewer than 435 pamphlets and 12 books. The first pamphlet entitled "Why I am a Sikh" and nearly 80% of the subsequent ones were authored by S. Narain Singh himself.

By the sheer force of his zeal and sincerity, S. Narain Singh was able to induct many academics—late Dr. Ganda Singh was one and other well-placed persons into the Mission, which in the course of time grew into an umbrella institution with several trusts, with a variety of benevolent objectives, functioning under it. The Mother of Khalsa Memorial Trust holds annually an examination in sikh history and divinity for college students at various centres all over India and awards prizes to top competitors. Dr. Ganda Singh Trust holds an annual historical research paper writing competition, awards three Prizes of Rs. 3100, Rs. 2100 and Rs. 1100 to the top three compititors and holds an annual function at which some celebrated scholar delivers a talk on a sikh historical subject and the prizes are given away. The Gyani Dit Singh Trust holds periodic writers' workshops. The Gyani Kartar Singh Trust, likewise, holds public speaking workshops. The Bhagat Lachhman Singh Memorial Trust, The Akali Phula Singh Memorial Trust were also estabilished. All these are trusts with modest endowments whose income is put to sagacious use in consultation with trustees drawn from different walks of professional life.

The catalogue of S. Narain Singh's services will be incomplete without the mention of his involvement in two major educational institutions. These were Sant Gurmukh Singh sponsored Dera Baba Jassa Singh Committee, Patiala's seminary for training sikh missionaires which was the precussor of the present Gurmat College, Patiala, and Guru Nanak Dev Modern School at S. Narain Singh's Village Buta Singh Wala on a 24 kanal plot donated by him. Of the former institution S Narain Singh was the secretary—he continued to hold that position till after the instituton was taken over by the Guru Nanak Foundation and converted into Gurmat College—until the Guru Nanak Foundation shifted headquarters to Delhi. Of the Guru Nanak Dev Modern School, he was the founder, the architect and the nursing parent.

Inspite of his crucial and permanent roles in major and, in a very real sense, historical occurrences and initiatives, S. Narain

Singh remained an unassuming and withdrawn individual. But anyone with such long and rare record of service would inevitably acquire the aura of a venerable father figure. What makes him more of such a figure is his being the embodiment of the old lofty value system including utmost scruples in the handling of public money and disintersted initiative for the general good—initiative geared not even to the desire for personal recognition.

**Tract No. 435 printed with the help and co-operation of :-**

1. Shri Guru Singh Sabha, Patiala.
2. Shri Guru Singh Sabha Piru Manoor Cochin.
3. Gurbani Parchar Kender, Hoshiarpur.
4. Shri Guru Kalangidhar Sewak Jatha, Bikaner.
5. Baba Teja Singh Trust, West Patel Nagar, New Delhi.
6. S. Gurcharn Singh, Jagraon.
7. S. Baldev Singh and Sons, Jagraon.
8. Giani Avtar Singh Nurani Jyoti Art Press, Jagraon.
9. S. Surjit Singh, Surjit Kaur, New Basti, Jagraon.
10. S. Man Singh, Jyoti Nagar, New Delhi.
11. S. Inder Singh, New Prem Nagar, Ludhiana.
12. Bibi Kashmir Kaur w/o S. Bachan Singh Vinipeg, Canada.
13. S. Narinderpal Singh, Nirmal Vihar, New Delhi.
14. S. Daljit Singh Niamatpur, Distt. Burdwan, W.B.
15. S. Gurcharan Singh, Indian Automobiles, Kurnul, A. P.
16. Capt. Hargobind Singh, Gobind Nagar, Dehradun.
17. S. Inderjit Singh, Sarabha Nagar, Ludhiana.
18. S. Joginder Singh, Boota Singh Wala, Patiala.

**Subscription of the Mission**

| | |
|---|---|
| India | |
| Annual | Rs. 35/- |
| Life Membership | Rs. 250/- |
| Other Countries | |
| Life Membership | Rs. 1000/- |

Published in Collaboration with Academy of Sikh Religion & Culture, Patiala and Guru Nanak Dev Vidyak Society, Patiala.